# ਪੰਜਾਬ ਵਿਧਾਨ ਸਭਾ

**ਪੰਜਵਾਂ ਸਮਾਗਮ**

## ਮੰਗਲਵਾਰ 28 ਨਵੰਬਰ 2023

----

**ਕੁੱਲ ਪ੍ਰਸ਼ਨ - 10**

----

**ਦਰਖ਼ਤਾਂ ਦੀ ਨਿਲਾਮੀ ਕਰਨ ਲਈ ਜਾਰੀ ਕੀਤੇ ਟੈਂਡਰ ਅਤੇ ਨਵੇਂ ਲਗਾਏ ਗਏ ਦਰਖਤਾਂ ਦੇ ਵੇਰਵੇ**

**290 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ :=**

ਕੀ ਜੰਗਲਾਤ ਅਤੇ ਜੀਵ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

**ੳ)** ਕੀ ਇਹ ਠੀਕ ਹੈ ਕਿ ਪੰਜਾਬ ਰਾਜ ਵਣ-ਕਾਰਪੋਰੇਸ਼ਨ ਵੱਲੋਂ ਦਰਖ਼ਤਾਂ ਦੀ ਨਿਲਾਮੀ ਕਰਨ ਲਈ ਟੈਂਡਰ ਈ-ਟੈਡ੍ਰਿੰਗ ਸਿਸਟਮ ਦੁਆਰਾ ਮੰਗੇ ਜਾਂਦੇ ਹਨ;

**ਅ)** ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਾਲ, 2018 ਤੋਂ ਮਿਤੀ ਬੱਧ ਤੱਕ ਕਿੰਨੇ ਟੈਂਡਰ ਈ-ਟੈਡ੍ਰਿਗ ਸਿਸਟਮ ਦੁਆਰਾ ਕਿਹੜੇ-ਕਿਹੜੇ ਅਖਬਾਰਾਂ ਰਾਹੀਂ ਮੰਗੇ ਗਏ ਅਤੇ ਇਸ ਸਮੇਂ ਦੌਰਾਨ ਕਿੰਨੇ ਦਰਖ਼ਤ ਨਿਲਾਮ ਕੀਤੇ ਗਏ;

**ੲ)** ਇਸ ਸਮੇਂ ਦੌਰਾਨ ਕਿੰਨੇ ਨਵੇਂ ਦਰਖ਼ਤ ਲਗਾਏ ਗਏ ਤੇ ਇਨ੍ਹਾਂ ਦਰਖ਼ਤਾਂ ਵਿੱਚੋਂ ਕਿੰਨੇ ਦਰਖ਼ਤ ਕਾਮਯਾਬ ਹੋਏ ਹਨ ਤੇ ਕਿੰਨੇ ਖ਼ਰਾਬ ਹੋ ਗਏ; ਵੇਰਵੇ ਸਹਿਤ ਦੱਸਿਆ ਜਾਵੇ?

----

**ਸ਼ੈਲਰਾਂ ਨੂੰ ਚਾਵਲ ਤਿਆਰ ਕਰਨ ਲਈ ਦਿੱਤੀ ਗਈ ਪੈਡੀ ਦੇ ਵੇਰਵੇ**

**291 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ :=**

**ੳ**) ਰਾਜ ਵਿੱਚ ਸਾਲ 2018 ਤੋਂ ਹੁਣ ਤੱਕ ਸਰਕਾਰੀ ਏਜੰਸੀਆਂ ਵੱਲੋਂ ਕਿੰਨੀ-2 ਰਕਮ ਖ਼ਰਚ ਕਰਕੇ ਕਿੰਨੀ-2 ਪੈਡੀ ਰਾਜ ਵਿੱਚ ਸਥਿਤ ਵੱਖ-2 ਸ਼ੈਲਰਾਂ ਨੂੰ ਚਾਵਲ ਤਿਆਰ ਕਰਨ ਲਈ ਦਿੱਤੀ ਗਈ ਸੀ ਤੇ ਇਸ ਦੀ ਕਿੰਨੀ ਕੀਮਤ ਬਣਦੀ ਹੈ;

**ਅ**) ਉਪਰੋਕਤ ਭਾਗ (ੳ) ਵਿੱਚ ਵਰਣਿਤ ਸ਼ੈੱਲਰਾਂ ਵੱਲੋਂ ਕਿੰਨੀ ਰਕਮ ਦਾ ਅਤੇ ਕਿੰਨਾ ਚਾਵਲ ਸਰਕਾਰ ਨੂੰ ਇਨ੍ਹਾਂ ਸਾਲਾਂ ਦੌਰਾਨ ਸਪਲਾਈ ਕਰ ਦਿੱਤਾ ਹੈ ਕਿੰਨੀ ਕੀਮਤ ਦਾ ਚਾਵਲ ਸਬੰਧਤ ਸ਼ੈੱਲਰਾਂ ਵੱਲੋਂ ਸਪਲਾਈ ਕਰਨਾ ਅਜੇ ਬਾਕੀ ਰਹਿੰਦਾ ਹੈ; ਸਾਲਵਾਰ ਵੇਰਵੇ ਸਹਿਤ ਦੱਸਿਆ ਜਾਵੇ?

----

**ਪੰਜਾਬ ਸਕੂਲ ਸਿੱਖਿਆ ਬੋਰਡ ਦੀ ਭਲਾਈ ਵਿਭਾਗ ਵੱਲ ਪੈਂਡਿੰਗ ਪੇਮੈਂਟ ਅਦਾ ਕਰਨਾ**

**292 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ** := ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- (ੳ) ਕੀ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ (ਮੋਹਾਲੀ) ਦੀ ਕੋਈ ਪੇਮੈਂਟ, ਭਲਾਈ ਵਿਭਾਗ, ਵੱਲ ਪੈਂਡਿੰਗ ਹੈ, ਜੇਕਰ ਹੈ ਤਾਂ, ਕਿਨ੍ਹਾਂ—2 ਕੰਮਾਂ ਦੀ ਕਿੰਨੀ—2 ਪੇਮੈਂਟ, ਕਿੰਨੇ ਚਿਰ ਤੋਂ ਬਕਾਇਆ ਖੜ੍ਹੀ ਹੈ ਤੇ ਇਹ ਪੇਮੈਂਟ ਸਮੇਂ ਸਿਰ ਬੋਰਡ ਨੂੰ ਨਾ ਦੇਣ ਦੇ ਕੀ ਕਾਰਨ ਹਨ, ਸਾਰੀ ਪੈਡਿੰਗ ਪੇਮੈਂਟ, ਸਿੱਖਿਆ ਬੋਰਡ ਨੂੰ ਕਦੋਂ ਤੱਕ ਦੇ ਦਿੱਤੀ ਜਾਵੇਗੀ; (ਅ) ਕੀ ਸਰਕਾਰ ਅੱਗੇ ਤੋਂ ਬੋਰਡ ਨੂੰ ਨਾਲ ਦੀ ਨਾਲ ਜਾਂ ਐਡਵਾਸ ਵਿੱਚ ਪੇਮੈਂਟ ਕਰਨ ਲਈ ਤਿਆਰ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਦੂਧਨ ਸਾਧਾਂ ਸਬ-ਡਵੀਜ਼ਨ ਦੀ ਬਿਲਡਿੰਗ ਦੇ ਕੰਮਾਂ ਤੇ ਆ ਰਹੇ ਖ਼ਰਚੇ ਵੇਰਵੇ**

**293 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ :=**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਨਵੀ ਬਣਾਈ ਗਈ ਦੂਧਨ ਸਾਧਾਂ ਸਬ-ਡਵੀਜ਼ਨ (ਜ਼ਿਲ੍ਹਾ ਪਟਿਆਲਾ) ਦੀ ਬਿਲਡਿੰਗ ਦੇ ਕੰਮ ਤੇ ਕਿੰਨਾ ਖ਼ਰਚਾ ਆ ਰਿਹਾ ਹੈ, ਇਸ ਕੰਮ ਦਾ ਟੈਂਡਰ ਕਿਸ ਕੰਪਨੀ ਕੋਲ ਹੈ; ਇਸ ਇਮਾਰਤ ਦੇ ਕੰਮ ਦੀ ਮਨਜ਼ੂਰੀ ਲਈ ਜ਼ਿ੍ਲ੍ਹਾ ਪ੍ਰਸ਼ਾਸ਼ਨ ਵੱਲੋਂ ਸਰਕਾਰ ਕੋਲ ਫਾਇਲ ਕਦੋਂ ਆਈ ਸੀ ਅਤੇ ਸਰਕਾਰ ਨੇ ਇਸ ਨੂੰ ਮਨਜੂਰ ਕਰਕੇ ਕਦੋਂ ਤੇ ਕਿੰਨੇ ਫੰਡ ਮਨਜੂਰ ਕੀਤੇ ਸਨ; ਵੇਰਵੇ ਸਹਿਤ ਦੱਸਿਆ ਜਾਵੇ?

----

## ਪੌਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਤਹਿਤ ਦਖਲਾ ਲੈਣ ਵਾਲੇ ਵਿਦਿਆਰਥੀਆਂ ਦੇ ਰੋਲ ਨੰਬਰ ਰੋਕਣਾ

294 **ਡਾ. ਨਛੱਤਰ ਪਾਲ (ਨਵਾਂ ਸ਼ਹਿਰ ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ :=**

**ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--**

ੳ) ਪੌਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਤਹਿਤ ਦਖਲਾ ਲੈਣ ਵਾਲੇ ਕਿੰਨੇ ਵਿਦਿਆਰਥੀਆਂ ਦੇ ਰੋਲ ਨੰਬਰ/ ਡੀ.ਐਮ.ਸੀਜ਼ / ਡਿਗਰੀਆਂ/ ਨਤੀਜੇ/ ਹੋਰ ਦਸਤਾਵੇਜ਼ / ਸਰਟੀਫਿਕੇਟ ਕਾਲਜਾਂ /ਯੂਨੀਵਰਸਿਟੀਆਂ / ਸੰਸਥਾਵਾਂ ( ਸਰਕਾਰੀ ਅਤੇ ਨਿੱਜੀ ਦੋਵੇਂ) ਸਮੇਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਰੋਕੇ ਗਏ ਹਨ; ਇਹਨਾਂ ਨੂੰ ਰੋਕਣ ਸਬੰਧੀ ਕੀ ਕਾਰਵਾਈ ਕੀਤੀ ਗਈ ਹੈ;

ਅ) ਨੋਟੀਫਿਕੇਸ਼ਨ ਮਿਤੀ 22.07.2016 , ਪੰਜਾਬ ਸਰਕਾਰ ਦੁਆਰਾ ਜਾਰੀ ਵੱਖ ਵੱਖ ਪੱਤਰ / ਹਦਾਇਤਾਂ ਅਤੇ ਮੰਤਰੀ ਮੰਡਲ ਦੇ ਮਿਤੀ 21.06.2021 ਦੇ ਫੈਸਲੇ ਦੇ ਬਾਵਜੂਦ ਕਾਲਜਾਂ / ਯੂਨੀਵਰਸਿਟੀ, ਚੰਡੀਗੜ੍ਹ ਸਮੇਤ ਨੇ ਐਸ.ਸੀ. ਸ਼੍ਰੇਣੀ ਦੇ ਵਿਦਿਆਰਥੀਆਂ ਦੇ ਰੋਲ ਨੰਬਰ / ਡੀ.ਐਮ.ਸੀਜ਼ / ਡਿਗਰੀਆਂ / ਨਤੀਜੇ / ਹੋਰ ਦਸਤਾਵੇਜ਼ / ਸਰਟੀਫਿਕੇਟਾਂ ਨੂੰ ਗੈਰ-ਕਾਨੂੰਨੀ ਅਤੇ ਮਨਮਾਨੇ ਢੰਗ ਨਾਲ ਰੋਕਿਆ ਹੋਇਆ ਹੈ; ਪੰਜਾਬ ਸਰਕਾਰ ਦੁਆਰਾ ਕਾਲਜਾਂ / ਯੂਨੀਵਰਸਿਟੀਆਂ / ਸੰਸਥਾਵਾਂ ( ਸਰਕਾਰੀ ਅਤੇ ਨਿੱਜੀ ਦੋਵੇਂ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਸਮੇਤ , ਵਿਰੁੱਧ ਕੀ ਕਾਰਵਾਈਆਂ ਕੀਤੀਆਂ ਗਈਆਂ ਹਨ, ਜਾਂ ਕੀਤੇ ਜਾਣ ਦੀ ਸੰਭਾਵਨਾ ਹੈ;

ੲ) ਕੀ ਪੰਜਾਬ ਸਰਕਾਰ ਸਰਕਾਰ ਦੀਆਂ ਨੋਟੀਫਿਕੇਸ਼ਨਾਂ / ਹਦਾਇਤਾਂ / ਫੈਸਲੇ ਨੂੰ ਲਾਗੂ ਨਾ ਕਰਨ ਲਈ ਗਲਤੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕੋਈ ਕਾਨੂੰਨੀ / ਅਨੁਸ਼ਾਸਨੀ ਕਾਰਵਾਈ ਕਰੇਗੀ; ਵੇਰਵੇ ਸਹਿੱਤ ਦੱਸਿਆ ਜਾਵੇ?

----

## ਦਰਜਾ ਤਿੰਨ ਅਤੇ ਦਰਜਾ ਚਾਰ ਦੀਆਂ ਇਸ਼ਤਿਹਾਰ ਰਾਹੀਂ ਭਰਤੀ ਦੇ ਵੇਰਵੇ

295 **ਡਾ. ਨਛੱਤਰ ਪਾਲ (ਨਵਾਂ ਸ਼ਹਿਰ ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :=** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਕੀ ਇਹ ਠੀਕ ਹੈ ਕਿ ਰਾਜ ਦੀਆਂ ਵੱਖ—ਵੱਖ ਮਿਉਸੀਪਲ ਕਾਰਪੋਰੇਸ਼ਨਾਂ ਅਤੇ ਨਗਰ ਕੌਂਸਿਲਾਂ ਵੱਲੋਂ ਸਫ਼ਾਈ ਸੇਵਕਾਂ ਦੀ ਭਰਤੀ ਲਈ ਵੱਖ—ਵੱਖ ਇਸ਼ਤਿਹਾਰ, ਵੱਖ—ਵੱਖ ਸਮੇਂ ਤੇ ਵੱਖ—ਵੱਖ ਅਖ਼ਬਾਰਾਂ ਵਿੱਚ ਦਿੱਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇੱਕੋ ਜਿਹੇ ਕੰਮ ਲਈ ਇੱਕੋ ਇਸ਼ਤਿਹਾਰ ਜਾਰੀ ਕਰਨ ਦੀ ਬਜਾਇ ਵੱਖ—ਵੱਖ ਇਸ਼ਤਿਹਾਰ ਜਾਰੀ ਕਰਨ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਇਸ਼ਤਿਹਾਰਾਂ ਦੇ ਕਿੰਨਾਂ—ਕਿੰਨਾ ਖ਼ਰਚਾ ਕੀਤਾ ਗਿਆ ਹੈ; ਅ) ਵਿਭਾਗ ਵਿੱਚ ਦਰਜਾ ਤਿੰਨ ਅਤੇ ਚਾਰ ਦੇ ਕਿੰਨੇ—ਕਿੰਨੇ ਕਰਮਚਾਰੀ ਕਦੋਂ—ਕਦੋਂ ਠੇਕੇ ਤੇ ਭਰਤੀ ਕੀਤੇ ਗਏ ਸਨ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਪ੍ਰਤੀ ਮਹੀਨਾ ਕਿੰਨੀ—ਕਿੰਨੀ ਤਨਖ਼ਾਹ ਦਿੱਤੀ ਜਾ ਰਹੀ ਹੈ; ਕੀ ਇਨ੍ਹਾਂ ਕਰਮਚਾਰੀਆਂ ਨੂੰ ਕਿਰਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਈ.ਐਸ.ਆਈ, ਈ.ਪੀ.ਐਫ ਅਤੇ ਬੀਮਾ ਆਦਿ ਦੀਆਂ ਸਹੂਲਤਾਂ ਦਿੱਤੀਆਂ/

ਪ੍ਰੋਵਾਈਡ ਕਰਵਾਈਆਂ ਜਾ ਰਹੀਆਂ ਹਨ; ੲ) ਕੀ ਠੇਕੇ ਤੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਅਤੇ ਅੱਗੇ ਤੋਂ ਵਿਭਾਗ ਵਿੱਚ ਠੇਕੇ ਤੇ ਭਰਤੀ ਪੱਕੇ ਤੌਰ ਤੇ ਬੰਦ ਕਰਨ ਦੀ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ; ਸ) ਕੀ ਉਪਰੋਕਤ ਭਾਗ (ਅ) ਵਿੱਚ ਵਰਣਿਤ ਕਰਮਚਾਰੀਆਂ ਦੀ ਭਰਤੀ ਵਿੱਚ ਲੋੜੀਂਦੀ ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਵਰਣਿਤ ਸਮੇਂ ਦੇ ਅੰਦਰ ਕੀਤੀ ਗਈ ਕੁੱਲ ਭਰਤੀ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਦਰਸਾਉਂਦਾ ਵਿਵਰਣ ਮੁਹੱਈਆ ਕਰਵਾਇਆ ਜਾਵੇ; ਜੇਕਰ ਨਹੀਂ ਤਾਂ ਭਰਤੀ ਵਿੱਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਕਦੋਂ ਤੱਕ ਦੇ ਦਿੱਤੀ ਜਾਵੇਗੀ ਅਤੇ ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਦੀ ਉਲੰਘਣਾ ਕਰਨ ਲਈ ਕਿਹੜੇ—ਕਿਹੜੇ ਅਧਿਕਾਰੀ ਜਿਮੇਵਾਰ ਹਨ ਅਤੇ ਅਜਿਹੇ ਅਧਿਕਾਰੀਆਂ ਖਿ਼ਲਾਫ਼ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

### ਮਲੋਦ ਸ਼ਹਿਰ ਦੇ ਉੱਪਰ ਬਾਈਪਾਸ ਬਣਾਉਣਾ

296 **ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):**

**ਲੋਕ ਨਿਰਮਾਣ, ਬਿਜਲੀ :=** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਲੋਦ ਸ਼ਹਿਰ ਦੇ ਵਾਸੀ ਟਰੈਫਿਕ ਦੀ ਸਮੱਸਿਆ ਕਾਰਨ ਬੜੇ ਲੰਮੇ ਸਮੇਂ ਤੋਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ; ਜੇਕਰ ਅਜਿਹਾ ਹੈ ਤਾਂ ਮਲੌਦ ਸ਼ਹਿਰ ਦੇ ਉੱਪਰ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

----

### ਮਲੌਦ, ਪਾਇਲ ਅਤੇ ਦੋਰਾਹਾ ਸ਼ਹਿਰ ਦੇ ਵਾਸੀਆਂ ਨੂੰ ਸੀਵਰੇਜ ਦੇ ਗੰਦੇ ਪਾਣੀ ਤੋਂ ਨਿਜਾਤ ਦਿਵਾਉਣਾ

297 **ਸ. ਮਨਵਿੰਦਰ ਸਿੰਘ ਗਿਆਸਪੁਰਾ(ਪਾਇਲ) :**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਲੌਦ, ਪਾਇਲ ਅਤੇ ਦੋਰਾਹਾ ਸ਼ਹਿਰ ਦੇ ਵਾਸੀ ਸੀਵਰੇਜ ਦੇ ਗੰਦੇ ਪਾਣੀ ਤੋਂ ਨਿਜਾਤ ਪਾ ਸਕਣਗੇ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

----

### ਸਿਵਲ ਹਸਪਤਾਲ ਮਲੌਦ ਅਤੇ ਸਿਵਲ ਹਸਪਤਾਲ ਪਾਇਲ ਵਿਖੇ ਖਾਲੀ ਪਈਆਂ ਅਸਾਮੀਆਂ ਦੇ ਵੇਰਵੇ

298 **ਸ. ਮਨਵਿੰਦਰ ਸਿੰਘ ਗਿਆਸਪੁਰਾ(ਪਾਇਲ) :**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-** ਕੀ ਸਿਹਤ ਅਤੇ ਪਰਿਵਾਰ

ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ ਮਲੌਦ ਵਿੱਚ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੈ ਤਾਂ ਇਹ ਖਾਲੀ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ; ਅ) ਕੀ ਇਹ ਵੀ ਠੀਕ ਹੈ ਕਿ ਸਿਵਲ ਹਸਪਤਾਲ ਪਾਇਲ ਵਿਖੇ EMO (Emergency medical officer) ਦੀਆਂ 4 ਅਸਾਮੀਆਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੈ ਤਾਂ ਇਹ ਖਾਲੀ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

----

## ਮੈਡੀਕਲ ਅਫਸਰ, ਸੀਨੀਅਰ ਮੈਡੀਕਲ ਅਫਸਰ ਅਤੇ ਚੀਫ ਮੈਡੀਕਲ ਅਫਸਰ ਦੀ ਤਨਖਾਹ ਸਕੇਲ ਦੇ ਵੇਰਵੇ

**299 ਸ਼੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :=** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਛੇਵੇਂ ਤਨਖਾਹ ਕਮਿਸ਼ਨ ਮੁਤਾਬਿਕ ਮੈਡੀਕਲ ਅਫਸਰ, ਸੀਨੀਅਰ ਮੈਡੀਕਲ ਅਫਸਰ ਅਤੇ ਚੀਫ ਮੈਡੀਕਲ ਅਫਸਰ ਦੀ ਕਿੰਨੀ ਤਨਖਾਹ ਫਿਕਸ ਕੀਤੀ ਹੈ; ਵੇਰਵੇ ਸਹਿੱਤ ਦੱਸਿਆ ਜਾਵੇ?

----

**ਚੰਡੀਗੜ੍ਹ, 160001.** **ਰਾਮ ਲੋਕ ਖਟਾਣਾ,**

**26 ਨਵੰਬਰ 2023.** **ਸਕੱਤਰ**